ਪੰਜਾਬ ਸਰਕਾਰ
ਸਿੱਖਿਆ ਵਿਭਾਗ
ਸਿੱਖਿਆ-6 ਸ਼ਾਖਾ

(ਵੈਬਸਾਈਟ ਰਾਹੀਂ)

ਵੱਲ:

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ(ਸੈ.ਸਿ.)
ਸਮੂਹ ਸਕੂਲ ਮੁਖੀ(ਸੀਨੀਅਰ ਸੈਕੰਡਰੀ ਅਤੇ ਹਾਈ ਸਕੂਲ)

ਮੀਮੋ ਨੰ: 1/29-2017 AB ਵੇ SS(6)
ਮਿਤੀ: 20.11.17

ਵਿਸ਼ਾ:- **ਸਕੂਲਾਂ ਵਿੱਚ ਬਣੇ ਆਰਟ ਐਂਡ ਕਰਾਫਟ ਰੂਮ ਦੀ ਵਰਤੋਂ ਸਬੰਧੀ।**

1.0 ਉਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਸਿੱਖਿਆ ਦੇ ਮਿਆਰ ਨੂੰ ਉੱਚਾ ਚੁੱਕਣ ਲਈ ਅਤੇ ਸਕੂਲਾਂ ਦੀਆਂ ਬੁਨਿਆਦੀ ਲੋੜਾਂ ਦੀ ਪੂਰਤੀ ਹਿੱਤ ਸਿੱਖਿਆ ਵਿਭਾਗ ਵੱਲੋਂ ਸਮੇਂ-ਸਮੇਂ 'ਤੇ ਕਲਾਸ ਰੂਮਜ਼, ਲਾਇਬ੍ਰੇਰੀ, ਲੈਬਜ਼, ਕੁੜੀਆਂ ਅਤੇ ਮੁੰਡਿਆਂ ਦੇ ਪਖਾਨਿਆਂ ਦੀ ਉਸਾਰੀ ਲਈ ਸਕੂਲਾਂ ਵਿੱਚ ਫੰਡ ਮੁਹੱਈਆ ਕਰਵਾਏ ਜਾਂਦੇ ਹਨ। ਇਸ ਤੋਂ ਇਲਾਵਾ ਵਿਦਿਆਰਥੀਆਂ ਵਿੱਚ ਕਲਾਤਮਕ ਰੁਚੀ ਪੈਦਾ ਕਰਨ ਅਤੇ ਉਨ੍ਹਾਂ ਦੀ ਸਿੱਖਣ-ਸਿਖਾਉਣ ਦੀ ਕਲਾ ਵਿੱਚ ਵਾਧਾ ਕਰਨ ਲਈ ਰਮਸਾ ਅਧੀਨ ਸੈਕੰਡਰੀ ਸਕੂਲਾਂ ਲਈ ਆਰਟ ਐਂਡ ਕਰਾਫਟ ਰੂਮ ਦੀ ਉਸਾਰੀ ਲਈ ਵੀ ਫੰਡ ਮੁਹੱਈਆ ਕਰਵਾਏ ਜਾਂਦੇ ਹਨ ਤਾਂ ਜੋ ਇਨ੍ਹਾਂ ਕਮਰਿਆਂ ਦੀ ਬਤੌਰ ਕਲਾਸ ਰੂਮ ਵਰਤੋਂ ਕਰਨ ਦੇ ਨਾਲ-ਨਾਲ ਵਿਦਿਆਰਥੀਆਂ ਦੀ ਆਰਟ ਕਲਾ ਨੂੰ ਨਿਖਰਨ ਦਾ ਵੀ ਮੌਕਾ ਮਿਲੇ ਅਤੇ ਉਨ੍ਹਾਂ ਵੱਲੋਂ ਇਸ ਵਿਸ਼ੇ ਨਾਲ ਸਬੰਧਤ ਤਿਆਰ ਕੀਤੇ ਸਾਮਾਨ ਨੂੰ ਆਰਟ ਐਂਡ ਕਰਾਫਟ ਰੂਮ ਵਿੱਚ ਡਿਸਪਲੇ ਕੀਤਾ ਜਾਵੇ।

3.0 ਉਕਤ ਸਬੰਧੀ ਵਿਭਾਗ ਦੇ ਧਿਆਨ ਵਿੱਚ ਆਇਆ ਹੈ ਕਿ ਕਈ ਸਕੂਲਾਂ ਵਿੱਚ ਕਮਰਿਆਂ ਦੀ ਘਾਟ ਹੋਣ ਦੇ ਬਾਵਜੂਦ ਵੀ ਇਨ੍ਹਾਂ ਆਰਟ ਐਂਡ ਕਰਾਫਟ ਰੂਮਜ਼ ਨੂੰ ਕਲਾਸ ਰੂਮਜ਼ ਵੱਜੋਂ ਨਹੀਂ ਵਰਤਿਆ ਜਾਂਦਾ ਅਤੇ ਕਈ ਸਕੂਲਾਂ ਵਿੱਚ ਸਕੂਲ

ਮੁਖੀਆਂ ਵੱਲੋਂ ਇਨ੍ਹਾਂ ਕਮਰਿਆਂ ਨੂੰ ਸਕੂਲ ਸਮੇਂ ਦੌਰਾਨ ਵੀ ਤਾਲਾ ਲਗਾ ਕੇ ਰੱਖਿਆ ਜਾਂਦਾ ਹੈ ਜੋ ਕਿ ਨਿਯਮਾਂ ਦੀ ਉਲੰਘਣਾ ਹੈ।

4.0 ਉਕਤ ਦੇ ਸਨਮੁੱਖ ਸਮੂਹ ਸਕੂਲ ਮੁਖੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਸਕੂਲਾਂ ਵਿੱਚ ਲੋੜ ਅਨੁਸਾਰ ਆਰਟ ਐਂਡ ਕਰਾਫਟ ਰੂਮ ਦੀ ਵਰਤੋਂ ਬਤੌਰ ਕਲਾਸ ਰੂਮ ਵੀ ਕਰਨ ਅਤੇ ਕਿਸੇ ਵੀ ਹਾਲਤ ਵਿੱਚ ਇਨ੍ਹਾਂ ਕਮਰਿਆਂ ਨੂੰ ਸਕੂਲ ਸਮੇਂ ਦੌਰਾਨ ਤਾਲਾ ਲਗਾ ਕੇ ਨਾ ਰੱਖਿਆ ਜਾਵੇ।

5.0 ਉਕਤ ਹੁਕਮਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

ਸਕੱਤਰ,
ਸਕੂਲ ਸਿੱਖਿਆ, ਪੰਜਾਬ

ਪਿੱਠਅੰਕਣ ਨੰ: ਉਕਤ ਮਿਤੀ: 20.11.17

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

1. ਪੀ.ਏ. ਟੂ ਸਕੱਤਰ ਸਕੂਲ ਸਿੱਖਿਆ ਪੰਜਾਬ
2. ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ।
3. ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.),ਪੰਜਾਬ।
4. ਡਾਇਰੈਕਟਰ, ਐਸ.ਸੀ.ਈ.ਆਰ.ਟੀ., ਪੰਜਾਬ।
5. ਸਮੂਹ ਮੰਡਲ ਸਿੱਖਿਆ ਅਫ਼ਸਰ, ਪੰਜਾਬ।
6. ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ(ਸੈ.ਸਿ.) ਪੰਜਾਬ।
7. ਸਮੂਹ ਜ਼ਿਲ੍ਹਾ ਸਿੱਖਿਆ ਸੁਧਾਰ ਕਮੇਟੀਆਂ, ਪੰਜਾਬ।

ਸਕੱਤਰ,
ਸਕੂਲ ਸਿੱਖਿਆ, ਪੰਜਾਬ